# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਅੰਮ੍ਰਿਤਸਰ

ਵੱਲ

ਸਮੂਹ ਸਕੂਲ ਮੁੱਖੀ

ਸਸਸਸ/ਸਹਸ/ਸਅਸ

ਅੰਮ੍ਰਿਤਸਰ।

ਪੱਤਰ ਨੰ ਡੀ.ਐਸ.ਐਸ/ਅੰਮ੍ਰਿਤਸਰ/2017/3133 ਮਿਤੀ:-27.03.2017

ਵਿਸ਼ਾ:- ਦਸਵੀਂ ਜਮਾਤ ਦੀ ਪ੍ਰਯੋਗੀ ਪ੍ਰੀਖਿਆ ਸਬੰਧੀ ਜਰੂਰੀ ਹਦਾਇਤਾਂ

1) ਵਿਗਿਆਨ ਪ੍ਰਯੋਗੀ ਪ੍ਰੀਖਿਆ 3 ਘੰਟੇ ਦੀ ਹੋਵੇਗੀ।
   - ਗਰੁੱਪ 1,3,5,7,9,11 ਸਵੇਰੇ ਦੇ ਸੈਸ਼ਨ ਵਿੱਚ 10:00 ਤੋਂ 1:00 ਵਜੇ ਤੱਕ ਹੋਵੇਗਾ।
   - ਗਰੁੱਪ 2,4,6,8,10,12 ਸ਼ਾਮ ਦੇ ਸ਼ੈਸ਼ਨ ਵਿੱਚ 2:00 ਤੋਂ 05:00 ਵਜੇ ਤੱਕ ਹੋਵੇਗਾ।
2) ਮੈਥ ਦੀ ਪ੍ਰਯੋਗੀ ਪ੍ਰੀਖਿਆ 2 ਘੰਟੇ ਦੀ ਹੋਵੇਗੀ।
   - ਗਰੁੱਪ 1,3,5,7,9,11 ਸਵੇਰੇ ਦੇ ਸੈਸ਼ਨ ਵਿੱਚ 10:00 ਤੋਂ 12:00 ਵਜੇ ਤੱਕ ਹੋਵੇਗਾ।
   - ਗਰੁੱਪ 2,4,6,8,10,12 ਸ਼ਾਮ ਦੇ ਸ਼ੈਸ਼ਨ ਵਿੱਚ 01:00 ਤੋਂ 03:00 ਵਜੇ ਤੱਕ ਹੋਵੇਗਾ।
3) ਪ੍ਰੀਖਿਆ ਦੋ ਪਰਤਾਂ ਵਿਚ ਤਿਆਰ ਕੀਤੀਆਂ ਨੰਬਰ ਸੂਚੀਆਂ ਸਬੰਧਤ ਸਕੂਲ ਮੁੱਖੀ ਪਾਸੋਂ ਪ੍ਰਤੀ ਹਸਤਾਖਰ ਕਰਵਾਉਣ ਤੋਂ
4) ਬਾਅਦ ਸੀਲ ਬੰਦ ਲਿਫਾਫੇ ਵਿਚ ਜਿਲਾ ਸਾਇੰਸ ਸੁਪਰਵਾਈਜਰ ਪਾਸ ਜਮਾ ਕਰਵਾਉਣਗੇ।
5) ਇਹਨਾਂ ਨੰਬਰਾਂ ਦੀ ਕਾਊਂਟਰ ਫਾਈਲ ਪ੍ਰੀਖਿਅਕ ਆਪਣੇ ਕੋਲ ਰੱਖੇਗਾ।
6) ਨੰਬਰ ਸੂਚੀਆਂ ਅਤੇ ਅੰਕ ਸੂਚੀਆਂ ਵੱਖ-ਵੱਖ ਲ਼ਿਫਾਫਿਆ ਵਿਚ ਸੀਲ ਬੰਦ ਕੀਤੀਆਂ ਜਾਣ।

ਦੋਹਾਂ ਲਿਫਾਫਿਆਂ ਉੱਪਰ ਨਿਮਨ ਸ਼ਬਦ ਅੰਕਿਤ ਕੀਤੇ ਜਾਣ।

**"ਦਸਵੀਂ ਪ੍ਰਯੋਗੀ ਪ੍ਰੀਖਿਆ 2017 ਵਿਸ਼ਾ- ................................"**

**ਵੱਲ**

**ਉੱਪ ਸਕੱਤਰ ( ਗੁਪਤ ਸ਼ਾਖਾ)**

**ਪੰਜਾਬ ਸਕੂਲ ਸਿਖਿਆ ਬੋਰਡ**

**ਐਸ.ਏ.ਐਸ ਨਗਰ, ਪੰਜਾਬ**

7) ਲਿਫਾਫਿਆਂ ਦੇ ਸਾਈਡ ਤੇ ਪ੍ਰੀਖਿਅਕ ਦਾ ਨਾਮ, ਅਹੁਦਾ, ਸਕੂਲ ਦਾ ਪਤਾ ਅਤੇ ਮੋਬਾਈਲ ਨੰਬਰ ਅੰਕਿਤ ਕੀਤਾ ਜਾਵੇ।
8) ਪ੍ਰੀਖਿਆ ਦੇ ਮਿਹਨਤਾਨੇ ਦਾ ਬਿਲ ਪ੍ਰੀਖਿਆ ਕੇਂਦਰ ਦੇ ਸਕੂਲ ਮੁੱਖੀ ਤੋਂ ਹਸਤਾਖਰ ਕਰਾ ਕੇ 3 ਰੁ: ਪ੍ਰਤੀ ਹਾਜਰ ਵਿਦਿਆਰਥੀ ਨਾਲ ਤਿਆਰ ਕਰ ਕੇ ਸੂਚੀਆਂ ਦਾ ਨਾਲ ਜਿਲਾ ਸਾਇੰਸ ਸੁਪਰਵਾਈਜਰ, ਅੰਮ੍ਰਿਤਸਰ ਕੋਲੋਂ ਪ੍ਰਤੀ ਹਸਤਾਖਰ ਕਰਵਾਏ ਜਾਣ।
9) ਸਰਕਾਰ ਵਲੋਂ ਪ੍ਰਯੋਗੀ ਪ੍ਰੀਖਿਆ ਦੀ ਡਿਊਟੀ ਲਾਜਮੀ ਕਰਾਰ ਦਿੱਤੀ ਗਈ ਹੈ। ਇਸ ਲਈ ਜੇਕਰ ਆਪ ਬੋਰਡ ਵਲੋਂ ਦਿੱਤੇ ਕੇਂਦਰ ਤੇ ਡਿਊਟੀ ਲਈ ਹਾਜਰ ਨਹੀਂ ਹੋਵੋਗੇ ਤਦ ਆਪ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਲਈ ਕੇਸ ਸਰਕਾਰ ਨੂੰ ਭੇਜ ਦਿੱਤਾ ਜਾਵੇਗਾ, ਜਿਸ ਦੀ ਸਮੁੱਚੀ ਜਿੰਮੇਵਾਰੀ ਪ੍ਰੀਖਿਅਕ ਦੀ ਆਪਣੀ ਹੋਵੇਗੀ।
10) ਅਗਰ ਕਿਸੇ ਲੈਕਚਰਾਰ/ਅਧਿਆਪਕ ਦੀ ਪ੍ਰੀਖਿਆ ਕੇਂਦਰ ਵਿਚ ਸੁਪਰਡੈਂਟ ਜਾਂ ਸੁਪਰਵਾਈਜਰ ਦੀ ਡਿਊਟੀ ਹੈ ਤਾਂ ਉਹ ਪ੍ਰਯੋਗੀ ਪ੍ਰੀਖਿਆ ਨੂੰ ਤਰਜੀਹ ਦੇਵੇਗਾ।

---- ਸਹੀ----
ਜਿਲਾ ਸਾਇੰਸ ਸੁਪਰਵਾਈਜਰ
ਅੰਮ੍ਰਿਤਸਰ

**ਨੋਟ:- ਦਸਵੀਂ ਅਤੇ ਬਾਰਵੀਂ ਪ੍ਰਯੋਗੀ ਪ੍ਰੀਖਿਆ ਦੀਆਂ ਅੰਕ ਸੂਚੀਆਂ ਅਤੇ ਹਸਤਾਖਰ ਸੂਚੀਆਂ ਮਿਤੀ 03.04.2017, 05.04.2017 ਤੋਂ 07.04.2017 ਤੱਕ ਦਫ਼ਤਰ ਜਿਲ੍ਹਾ ਸਾਇੰਸ ਸੁਪਰਵਾਇਜਰ, ਅੰਮ੍ਰਿਤਸਰ ਵਿਖੇ 09:00 ਤੋਂ 03:30 ਤੱਕ ਪ੍ਰਾਪਤ ਕੀਤੀਆਂ ਜਾਣਗੀਆਂ।**